**PUNJAB STATE POWER CORPORATION LIMITED**
**(O/O CE/Commercial, Patiala, Ph.No.0175-2214495)**
**Regd. Office- PSEB Head Office, The Mall, Patiala-147001**
Tele Fax:.0175-2210320 email: ce-commercial@pspcl.in

ਵਣਜ਼ ਗਸ਼ਤੀ ਪੱਤਰ ਨੰ: 36/2012

ਵੱਲ

ਸਾਰੇ ਇੰਜਨੀਅਰ-ਇਨ-ਚੀਫ/ਮੁੱਖ ਇੰਜਨੀਅਰਜ਼ / ਵੰਡ
ਅਧੀਨ ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ।

ਮੀਮੋ ਨੰ. 1365/1369 /DD/SR-7

ਮਿਤੀ: **26 /10 / 2012**

ਵਿਸ਼ਾ:- **ਵੱਖ-ਵੱਖ ਕੈਟਾਗਿਰੀਆਂ ਦੇ ਖਪਤਕਾਰਾਂ/ਬਿਨੈਕਾਰਾਂ ਤੋਂ ਕੁਨੈਕਸ਼ਨ ਦੇਣ ਜਾਂ ਲੋਡ ਵਾਧੇ ਜਾਂ ਨਾਮ ਤਬਦੀਲੀ ਸਮੇਂ ਲਈ ਜਾਂਦੀ ਟੈਸਟ ਰਿਪੋਰਟ ਨੂੰ ਪੀ.ਐਸ.ਪੀ.ਸੀ.ਐਲ. ਵੱਲੋਂ ਕੀਤੀ ਜਾਂਦੀ ਜਾਂਚ / ਪ੍ਰੇਖਣ ਤੋਂ ਛੋਟ ਦੇਣ ਸਬੰਧੀ.**

ਇਲੈਕਟਰਸਿਟੀ ਸਪਲਾਈ ਇੰਨਸਟਰਕਸ਼ਨ ਮੈਨੂਅਲ ਦੀ ਧਾਰਾ 18.2, 18.5 ਤੋਂ 18.8 ਅਤੇ 18.10 ਮੁਤਾਬਿਕ ਵੱਖ ਵੱਖ ਕੈਟਾਗਿਰੀਆਂ ਦੇ ਖਪਤਕਾਰਾਂ ਵੱਲੋਂ ਜਮ੍ਹਾਂ ਕਰਵਾਈ ਜਾਂਦੀ ਲਾਇਸੈਂਸਡ ਠੇਕੇਦਾਰ ਵੱਲੋਂ ਜਾਰੀ ਟੈਸਟ ਰਿਪੋਰਟ ਦੀ ਜਾਂਚ / ਪ੍ਰੇਖਣ ਪੀ.ਐਸ.ਪੀ.ਸੀ.ਐਲ. ਦੇ ਸਮਰਥ ਅਧਿਕਾਰੀਆਂ / ਕਰਮਚਾਰੀਆਂ ਵੱਲੋਂ ਖਪਤਕਾਰ ਵੱਲੋਂ ਆਪਣੇ ਆਹਤੇ ਵਿਚ ਕਰਵਾਈ ਬਿਜਲੀ ਦੀ ਫਿਟਿੰਗ ਅਤੇ ਕੁਨੈਕਟਿਡ ਲੋਡ ਮੁਤਾਬਿਕ ਕੀਤੀ ਜਾਂਦੀ ਸੀ, ਪਰੰਤੂ ਪੀ.ਐਸ.ਪੀ.ਸੀ.ਐਲ., ਵੱਲੋਂ ਖਪਤਕਾਰਾਂ ਨੂੰ ਫੀਲਡ ਦਫਤਰਾਂ ਵਿਚ ਟੈਸਟ ਰਿਪੋਰਟ ਦੀ ਜਾਂਚ / ਪ੍ਰੇਖਣ ਲਈ ਹੋ ਰਹੀ ਪ੍ਰੇਸ਼ਾਨੀ ਨੂੰ ਵੇਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ:-

"ਵੱਖ ਵੱਖ ਕੈਟਾਗਿਰੀਆਂ ਦੇ ਬਿਨੈਕਾਰਾਂ / ਖਪਤਕਾਰਾਂ (ਸਿਵਾਏ ਏ.ਪੀ. ਖਪਤਕਾਰਾਂ ਦੇ) ਵੱਲੋਂ ਕੁਨੈਕਸ਼ਨ ਲੈਣ / ਲੋਡ ਵਿਚ ਵਾਧਾ ਕਰਨ ਸਮੇਂ / ਨਾਮ ਬਦਲੀ ਦੇ ਕੇਸਾਂ ਵਿਚ ਪੰਜਾਬ ਸਰਕਾਰ ਵੱਲੋਂ ਲਾਇਸੈਂਸਡ ਠੇਕੇਦਾਰ ਵੱਲੋਂ ਜਾਰੀ ਟੈਸਟ ਰਿਪੋਰਟ ਅਨੁਸਾਰ ਵਾਇਰਿੰਗ ਫਿਟਿੰਗ ਅਤੇ ਕੁਨੈਕਟਿਡ ਲੋਡ ਨੂੰ ਸਹੀ ਮੰਨਦੇ ਹੋਏ ਪੀ.ਐਸ.ਪੀ.ਸੀ.ਐਲ. ਵੱਲੋਂ ਇੰਡੀਅਨ ਇਲੈਕਟਰਸਿਟੀ ਰੂਲਜ਼ ਦੇ ਰੂਲ-47 ਮੁਤਾਬਿਕ ਕੀਤੀ ਜਾਂਦੀ ਟੈਸਟ ਰਿਪੋਰਟ / ਬਿਜਲੀ ਫਿਟਿੰਗ ਦੀ ਜਾਂਚ / ਪ੍ਰੇਖਣ ਵਿਚ ਛੋਟ ਦਿੱਤੀ ਜਾਂਦੀ ਹੈ। "

ਇੱਥੇ ਇਹ ਦੱਸਣਯੋਗ ਹੈ ਕਿ ਬਿਨੈਕਾਰ / ਖਪਤਕਾਰ ਵੱਲੋਂ ਟੈਸਟ ਰਿਪੋਰਟ ਪਹਿਲਾਂ ਵਾਂਗ ਹੀ ਜਮ੍ਹਾਂ ਕਰਵਾਈ ਜਾਵੇਗੀ, ਪਰੰਤੂ ਇਸਨੂੰ ਸਹੀ ਮੰਨਦੇ ਹੋਏ ਪੀ.ਐਸ.ਪੀ.ਸੀ.ਐਲ. ਵੱਲੋਂ ਇਸ ਦੀ ਜਾਂਚ / ਪ੍ਰੇਖਣ ਨਹੀਂ ਕੀਤਾ ਜਾਵੇਗਾ।

ਉਪਰੋਕਤ ਫੈਸਲੇ ਮੁਤਾਬਿਕ ਮੋਜੂਦਾ ਲਾਗੂ ਹਦਾਇਤਾਂ ਵਿਚ ਉਪਰੋਕਤ ਅਨੁਸਾਰ ਸੋਧ ਕੀਤੀ ਜਾਂਦੀ ਹੈ।

ਉਪਰੋਕਤ ਹਦਾਇਤਾਂ ਦੀ ਫੀਲਡ ਦਫਤਰਾਂ ਵੱਲੋਂ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

26/X/12

ਉਪ ਮੁੱਖ ਇੰਜ:/ਸੇਲਜ਼-1
ਪੀ.ਐਸ.ਪੀ.ਸੀ.ਐਲ.,ਪਟਿਆਲਾ।

ਚਲਦਾ ਪੰਨਾ...2

ਪਿੱਠ ਅੰਕਣ ਨੰ:/ 1370 / 1404 DD/SR-7 ਮਿਤੀ: 26.10.2012

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
2. ਸਾਰੇ ਨਿਰਦੇਸ਼ਕ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ, ਪਟਿਆਲਾ।
3. ਵਿੱਤ ਕਮਿਸ਼ਨਰ/ਫਾਇਨਾਸ ਟੂ ਗੋਰਮਿੰਟ ਪੰਜਾਬ ਐਕਸ ਆਫੀਸੋ ਮੈਂਬਰ, ਪੀ.ਐਸ.ਈ.ਆਰ.ਸੀ, ਚੰਡੀਗੜ੍ਹ।
4. ਸਕੱਤਰ/ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
5. ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ।
6. ਪ੍ਰੈਜ਼ੀਡੈਂਟ,ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) SCO ਨੰ: 3009-10, Sec-22, ਚੰਡੀਗੜ੍ਹ
7. ਮੁੱਖ ਇੰਜੀਨੀਅਰ/ ਚੇਅਰਮੈਨ (ਫੋਰਮ), ਪੀ.-1, ਵਾਈਟ ਹਾਊਸ, ਰਾਜਪੁਰਾ ਕਲੌਨੀ, ਪਟਿਆਲਾ।
8. ਸਕੱਤਰ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, SCO.ਨੰ: 220-221, ਸੈਕਟਰ-34 ਏ, ਚੰਡੀਗੜ੍ਹ।
9. Ombudsman, Electricity Punjab 66 KV Grid Sub Stn., Plot no. A-2, Industrial Area, Phase-1, SAS Nagar (Mohali)-160055
10. ਨਿੱਜੀ ਸਕੱਤਰ ਟੂ ਬਿਜਲੀ ਮੰਤਰੀ, ਪੰਜਾਬ ਸਿਵਲ ਸਕੱਤਰੇਤ ਪੰਜਾਬ ਸਰਕਾਰ ਚੰਡੀਗੜ੍ਹ।
11. ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡੀਸਟਰੀਜ਼ ਪੰਜਾਬ Sec-17, ਚੰਡੀਗੜ੍ਹ।
12. Chief Administration & IR, PSPCL. Patiala.
13. ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
14. Chief Auditor,PSPCL, Patiala.
15. Chief Engineer / ARR & TR, PSPCL, Patiala.
16. ਐਸ.ਈ. / ਆਈ.ਟੀ., ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈਬ ਸਾਈਟ ਤੇ ਅਪਲੋਡ ਕਰਨ ਹਿੱਤ।
17. Dy.CE/Sales-I, Dy.CE/Sales-2 and Dy.CE/Billing, PSPCL
18. All Addl SEs / Sr.Xens / AEEs under Commercial organization, PSPCL.

ਵਧੀਕ ਨਿਗ:ਇੰਜ:/ਐਸ.ਆਰ,
ਵਾ: ਮੁੱਖ ਇੰਜੀਨੀਅਰ/ਵਣਜ,
ਪੀ.ਐਸ.ਪੀ.ਸੀ.ਐਲ.,ਪਟਿਆਲਾ।